7852

ਵੋਟਰ ਬਣੋ-ਜਿੰਮੇਵਾਰ ਬਣੋ

**Be Voter-Be Responsible**

# Office of Sub Divisional Magistrate Nakodar-cum-Revising Authority-79 Nakodar

sdm.nakodar@gmail.com,01821-220043

ਨੰਬਰ- 7536-37/ਇਲੈਕਸ਼ਨ

ਮਿਤੀ-08.02.2024

2024266915
08/02/24.

ਸੇਵਾ ਵਿਖੇ,

1. ਜ਼ਿਲ੍ਹਾ ਸਿਖਿਆ ਅਫਸਰ ਸੈਕੰਡਰੀ ਅਤੇ ਪ੍ਰਾਇਮਰੀ, ਜਲੰਧਰ।
2. ਸਮੂਹ ਵਿਭਾਗਾਂ ਦੇ ਮੁੱਖੀ।

ਵਿਸ਼ਾ: ਬੀ.ਐਲ.ਓਜ਼ ਵੱਲੋਂ ਘਰ-ਘਰ ਜਾ ਕੇ SGPC ਦੀਆਂ ਵੋਟਾਂ ਸਬੰਧੀ ਫਾਰਮ ਪ੍ਰਾਪਤ ਕਰਨ ਲਈ ਮਿਤੀ 08/02/2024 ਤੋਂ ਮਿਤੀ 12/02/2024 ਤੱਕ ਡਿਊਟੀ ਤੋਂ ਫਾਰਗ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਪੱਤਰ ਰਾਹੀਂ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਾਣਯੋਗ ਚੋਣ ਕਮਿਸ਼ਨ ਜੀ ਦੀਆਂ ਹਦਾਇਤਾਂ ਅਨੁਸਾਰ SGPC ਦੀਆਂ ਵੋਟਾ ਬਣਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਜਿਸ ਸਬੰਧੀ ਮਾਣਯੋਗ ਡਿਪਟੀ ਕਮਿਸ਼ਨਰ ਜਲੰਧਰ ਜੀ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਵਿਧਾਨ ਸਭਾ ਚੋਣ ਹਲਕਾ 031 ਨਕੋਦਰ ਦੇ ਸਾਰੇ ਪੋਲਿੰਗ ਸਟੇਸ਼ਨਾਂ ਵਿੱਚ ਤੈਨਾਤ ਬੀ.ਐਲ.ਓ ਵਲੋਂ ਘਰ ਘਰ ਜਾ ਕੇ SGPC ਦੀ ਵੋਟਰ ਸੂਚੀ ਤਿਆਰ ਕਰਨ ਸਬੰਧੀ ਫਾਰਮ ਪ੍ਰਾਪਤ ਕੀਤੇ ਜਾਣੇ ਹਨ। ਇਸ ਕੰਮ ਨੂੰ ਮਿਤੀ ਬੱਧ ਸਮੇਂ ਅੰਦਰ ਮੁਕੰਮਲ ਕਰਨ ਲਈ ਆਪ ਦੇ ਅਧੀਨ ਆਉਂਦੇ <u>ਅਧਿਕਾਰੀ/ਕਰਮਚਾਰੀ ਜਿਹਨਾਂ ਦੀ ਡਿਊਟੀ ਬਤੌਰ ਸੁਪਰਵਾਈਜ਼ਰ ਅਤੇ ਬੀ.ਐਲ.ਓ ਲੱਗੀ ਹੋਈ ਹੈ ਨੂੰ ਮਿਤੀ 08/02/2024 ਤੋਂ ਮਿਤੀ 12/02/2024 ਤੱਕ ਆਪਣੀ ਡਿਊਟੀ ਤੋਂ ਫਾਰਗ ਕਰਕੇ ਹਦਾਇਤ ਕੀਤੀ ਜਾਵੇ</u> ਕਿ ਉਹ ਉਕਤ ਸਮੇਂ ਦੌਰਾਨ ਆਪਣੇ ਆਪਣੇ ਏਰੀਆ ਵਿੱਚ ਸਿੱਖ ਵੋਟਰਾਂ ਦੀ ਸਨਾਖਤ ਕਰਕੇ ਘੱਟ ਤੋਂ ਘੱਟ 300 ਜਾਂ ਇਸਤੋਂ ਵੱਧ ਫਾਰਮ ਪ੍ਰਤੀ ਬੂਥ ਭਰਨਾ ਯਕੀਨੀ ਬਣਾਉਣਗੇ।

ਇਸ ਤੋਂ ਇਲਾਵਾ ਇਹਨਾਂ ਕਰਮਚਾਰੀਆਂ ਦੀ ਡਿਊਟੀ ਜੇਕਰ ਕਿਸੇ ਸੈਮੀਨਰ/ਟਰੇਨਿੰਗ ਜਾਂ ਕਿਸੇ ਹੋਰ ਕੰਮ ਲਈ ਲੱਗੀ ਹੋਈ ਹੈ ਤਾਂ ਇਸਦਾ ਬਦਲਵਾ ਪ੍ਰਬੰਧ ਆਪਣੇ ਪੱਧਰ ਤੇ ਕਰਕੇ ਇਨਹਾਂ ਕਰਮਚਾਰੀਆਂ ਨੂੰ ਉਸ ਡਿਊਟੀ ਤੋਂ ਫਾਰਗ ਕਰਦੇ ਹੋਏ ਉਕਤ ਡਿਊਟੀ ਲਈ ਪਾਬੰਦ ਕੀਤਾ ਜਾਵੇ।

ਉਪ-ਮੰਡਲ ਮੈਜਿਸਟਰੇਟ
-ਕਮ-ਰਿਵਾਇਜ਼ਿੰਗ ਅਥਾਰਟੀ,
79 ਨਕੋਦਰ।

ਪਿੱਠ ਅੰਕਣ ਨੰਬਰ-7578-42/ਇਲੈਕਸ਼ਨ

ਮਿਤੀ-08.02.2024

ਇਸ ਦਾ ਇੱਕ ਉਤਾਰਾ-:

1. ਮਾਣਯੋਗ ਜ਼ਿਲ੍ਹਾ ਚੋਣ ਅਫਸਰ, ਜਲੰਧਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਰਿਟਰਨਿੰਗ ਅਫ਼ਸਰ ਵਿਧਾਨ ਸਭਾ ਹਲਕਾ-032 ਸ਼ਾਹਕੋਟ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮਹਿਤਪੁਰ ਏਰੀਏ ਦੇ ਬੀ.ਐਲ.ਓਜ ਨੂੰ ਡੋਰ ਟੂ ਡੋਰ ਜਾਣ ਲਈ ਪਾਬੰਦ ਕੀਤਾ ਜਾਵੇ।
3. ਤਹਿਸੀਲਦਾਰ ਨਕੋਦਰ ਅਤੇ ਨਾਇਬ ਤਹਿਸੀਲਦਾਰ ਮਹਿਤਪੁਰ ਅਤੇ ਨੂਰਮਹਿਲ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਂਦੇ ਕਾਨੂੰਗੋ/ਪਟਵਾਰੀ ਅਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਰੋਜ਼ਾਨਾ ਬੀ.ਐਲ.ਓਜ਼/ਸੁਪਰਵਾਈਜ਼ਰ ਨਾਲ ਪਿੰਡ ਦੇ ਮੋਹਤਵਾਰ ਵਿਅਕਤੀਆਂ ਨੂੰ ਲੈਕੇ ਪਿੰਡਾਂ ਵਿੱਚ ਵੀਜਿਟ ਕਰਨ ਅਤੇ ਵੱਧ ਤੋਂ ਵੱਧ SGPC ਵੋਟਾਂ ਸਬੰਧੀ ਫਾਰਮ ਸਮੇਤ ਫੋਟੋ ਅਤੇ ਸਰਕਾਰੀ ਸ਼ਨਾਖਤ ਦਸਤਾਵੇਜ਼ ਪ੍ਰਾਪਤ ਕਰਨ ਅਤੇ ਇਸਦੀ ਰੋਜ਼ਾਨਾ ਰਿਪੋਰਟ ਬੀ.ਐਲ.ਓਜ਼ ਪਾਸੋ ਕੁਲੈਕਟ ਕਰਕੇ ਗੂਗਲ ਸ਼ੀਟ ਵਿੱਚ ਅਪਡੇਟ ਕਰਨਾ ਯਕੀਨੀ ਬਣਾਉਣ।
4. ਕਾਰਜ ਸਾਧਕ ਅਫਸਰ ਨਗਰ ਕੌਂਸਲ ਨਕੋਦਰ/ਨੂਰਮਹਿਲ ਅਤੇ ਮਹਿਤਪੁਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਹ ਰੋਜਾਨਾ ਬੀ.ਐਲ.ਓਜ/ਸੁਪਰਵਾਈਜ਼ਰ ਨਾਲ ਪਿੰਡ ਦੇ ਮੋਹਤਵਾਰ ਵਿਅਕਤੀਆਂ ਨੂੰ ਲੈਕੇ ਪਿੰਡਾਂ ਵਿੱਚ ਵੀਜਿਟ ਕਰਨ ਅਤੇ ਵੱਧ ਤੋਂ ਵੱਧ SGPC ਵੋਟਾਂ ਸਬੰਧੀ ਫਾਰਮ ਪ੍ਰਾਪਤ ਕਰਨ ਅਤੇ ਇਸਦੀ ਰੋਜ਼ਾਨਾ ਰਿਪੋਰਟ ਬੀ.ਐਲ.ਓਜ਼ ਪਾਸੋ ਕੁਲੈਕਟ ਕਰਕੇ ਗੂਗਲ ਸ਼ੀਟ ਵਿੱਚ ਅਪਡੇਟ ਕਰਵਾਉਣਾ ਯਕੀਨੀ ਬਣਾਉਣ।
5. ਸਮੂਹ ਸੁਪਰਵਾਈਜ਼ਰ ਹਲਕਾ ਵਿਧਾਨ ਸਭਾ ਹਲਕਾ ਨਕੋਦਰ ਅਤੇ ਸਬੰਧਤ ਸੈਕਟਰ ਅਫਸਰ ਵਿਧਾਨ ਸਭਾ ਹਲਕਾ ਸ਼ਾਹਕੋਟ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਰੋਜਾਨਾ ਬੀ.ਐਲ.ਓ ਨਾਲ ਉਹਨਾਂ ਦੇ ਪਿੰਡਾਂ ਵਿੱਚ ਵੀਜਿਟ ਕੀਤੀ ਜਾਵੇ ਅਤੇ ਵੱਧ ਤੋਂ ਵੱਧ ਵੋਟਰਾਂ ਦੇ ਫਾਰਮ ਪ੍ਰਾਪਤ ਕੀਤੇ ਜਾਣ ਤੇ ਇਸਦੀ ਰੋਜ਼ਾਨਾ ਰਿਪੋਰਟ ਗੂਗਲ ਸ਼ੀਟ ਵਿੱਚ ਅਪਡੇਟ ਕਰਨਾ ਯਕੀਨੀ ਬਣਾਉਣ।
6. ਸਮੂਹ ਬੀ.ਐਲ.ਓਜ਼ (ਰਾਹੀਂ ਸੁਪਰਵਾਈਜ਼ਰ) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਹੁਕਮਾਂ ਦੀ ਪਾਲਣਾ ਕੀਤੀ ਜਾਵੇ ਅਤੇ ਆਪਣੇ ਅਧੀਨ ਆਉਂਦੇ ਏਰੀਏ ਵਿੱਚ ਤੁਰੰਤ ਡੋਰ ਟੂ ਡੋਰ ਜਾ ਕੇ ਫਾਰਮ ਕੁਲੈਕਟ ਕੀਤੇ ਜਾਣ।

ਦਫਤਰ ਜ਼ਿਲਾ ਸਿਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. ਜੀ-5/ 2024 38196
ਮਿਤੀ 08-2-24

ਉਪ-ਮੰਡਲ ਮੈਜਿਸਟਰੇਟ
-ਕਮ-ਰਿਵਾਇਜ਼ਿੰਗ ਅਥਾਰਟੀ,
79 ਨਕੋਦਰ।

ਦਫਤਰ ਜ਼ਿਲ੍ਹਾ ਸਿਖਿਆ ਅਫਸਰ